## ਐਮਰਜੰਸੀ ਵਿਚ ਹਿਫਾਜ਼ਤੀ ਆਰਡਰ (EPO)

## ਬਜ਼ੁਰਗ ਜਾਂ ਕਿਸੇ ਨਿਰਭਰ ਵਿਅਕਤੀ ਨਾਲ ਬੁਰੇ ਵਰਤਾਉ ਲਈ ਰਿਸਟਰੇਨਿੰਗ ਆਰਡਰ

**ਸਿਵਲ ਰਿਸਟਰੇਨਿੰਗ ਆਰਡਰਾਂ ਬਾਰੇ ਜ਼ਿਆਦਾ ਜਾਣਕਾਰੀ ਲਈ ਇਹ ਬਰੋਸ਼ਰ ਖੋਲ੍ਹੋ**

## ਘਰੇਲੂ ਹਿੰਸਾ ਬਾਰੇ ਰਿਸਟਰੇਨਿੰਗ ਆਰਡਰ

## ਪਰੇਸ਼ਾਨ ਕੀਤੇ ਜਾਣ ਬਾਰੇ ਸਿਵਲ ਰਿਸਟਰੇਨਿੰਗ ਆਰਡਰ

### ਰਿਸਟਰੇਨਿੰਗ ਆਰਡਰ ਕੀ ਹੈ?

ਰਿਸਟਰੇਨਿੰਗ ਆਰਡਰ, ਅਦਾਲਤ ਦਾ ਇਕ ਆਰਡਰ ਹੈ ਜਿਹੜਾ ਸਰੀਰਕ, ਜਜ਼ਬਾਤੀ ਜਾਂ ਮਾਇਕ ਬੁਰੇ ਵਰਤਾਉ ਤੋਂ ਤੁਹਾਡੀ ਰੱਖਿਆ ਕਰਦਾ ਹੈ। ਇਹ ਤੁਹਾਡੀ ਪਿੱਛਾ ਕੀਤੇ ਜਾਣ ਜਾਂ ਪਰੇਸ਼ਾਨ ਕੀਤੇ ਜਾਣ ਤੋਂ ਵੀ ਰੱਖਿਆ ਕਰ ਸਕਦਾ ਹੈ।

### ਇਸ ਦਾ ਕਿੰਨਾ ਖਰਚਾ ਹੈ?

ਬਹੁਤੇ ਕੇਸਾਂ ਵਿਚ, ਰਿਸਟਰੇਨਿੰਗ ਆਰਡਰ ਮੁਫਤ ਹਨ। ਜ਼ਿਆਦਾ ਜਾਣਕਾਰੀ ਅੰਦਰ ਦੇਖੋ।

### ਮੈਂ ਕਿਸ ਕਿਸਮ ਦੇ ਆਰਡਰ ਲੈ ਸਕਦਾ/ਸਕਦੀ ਹਾਂ?

ਸਿਵਲ ਰਿਸਟਰੇਨਿੰਗ ਆਰਡਰਾਂ ਦੀਆਂ ਵੱਖ ਵੱਖ ਕਿਸਮਾਂ ਹਨ। ਇਹ ਪਤਾ ਲਾਉਣ ਲਈ ਕਿ ਤੁਹਾਡੇ ਲਈ ਕਿਹੜੀ ਕਿਸਮ ਠੀਕ ਹੈ, ਅੰਦਰ ਦੇਖੋ।

### ਜੇ ਮੈਨੂੰ *ਕ੍ਰਿਮੀਨਲ* ਰਿਸਟਰੇਨਿੰਗ ਆਰਡਰ ਦੀ ਲੋੜ ਹੋਵੇ ਤਾਂ ਕੀ ਹੋਵੇਗਾ?

ਕਿਸੇ ਮੁਜਰਮਾਨਾ ਕੇਸ ਵਿਚ ਡਿਸਟਰਿਕਟ ਅਟਾਰਨੀ ਕ੍ਰਿਮੀਨਲ ਰਿਸਟਰੇਨਿੰਗ ਆਰਡਰ ਦੀ ਮੰਗ ਕਰ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ, ਆਪਣੀ ਕਾਉਂਟੀ ਦੇ ਡਿਸਟਰਿਕਟ ਅਟਾਰਨੀ ਨਾਲ ਸੰਪਰਕ ਕਰੋ।

### ਮੈਨੂੰ ਅਦਾਲਤ ਦੇ ਫਾਰਮ ਜਾਂ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਇਸ ਵੈੱਬਸਾਈਟ 'ਤੇ ਜਾਉ:
www.courts.ca.gov/selfhelp-abuse.htm

Oct. 2017 – Punjabi

# ਕੋਈ ਵੀ ਬੁਰੇ ਵਰਤਾਉ ਦਾ ਹੱਕਦਾਰ ਨਹੀਂ ਹੈ

## ਸਿਵਲ ਰਿਸਟਰੇਨਿੰਗ ਆਰਡਰਾਂ ਬਾਰੇ ਇਕ ਗਾਈਡ

Judicial Council of California
California Courts Self-Help Center
www.courts.ca.gov/selfhelp

# ਸਿਵਲ ਰਿਸਟਰੇਨਿੰਗ ਆਰਡਰ

| | **ਐਮਰਜੰਸੀ ਵਿਚ ਹਿਫਾਜ਼ਤੀ ਆਰਡਰ (EPO)** | **ਬਜ਼ੁਰਗ ਜਾਂ ਕਿਸੇ ਨਿਰਭਰ ਵਿਅਕਤੀ ਨਾਲ ਬੁਰੇ ਵਰਤਾਉ ਲਈ ਰਿਸਟਰੇਨਿੰਗ ਆਰਡਰ** | **ਘਰੇਲੂ ਹਿੰਸਾ ਬਾਰੇ ਰਿਸਟਰੇਨਿੰਗ ਆਰਡਰ** | **ਪਰੇਸ਼ਾਨ ਕੀਤੇ ਜਾਣ ਬਾਰੇ ਸਿਵਲ ਰਿਸਟਰੇਨਿੰਗ ਆਰਡਰ** |
|---|---|---|---|---|
| **ਤੁਸੀਂ ਇਸ ਕਿਸਮ ਦਾ ਆਰਡਰ ਲੈ ਸਕਦੇ ਹੋ ਜੇ:** | ਤੁਸੀਂ ਖਤਰੇ ਵਿਚ ਹੋ। | ਤੁਸੀਂ 65 ਸਾਲ ਜਾਂ ਜ਼ਿਆਦਾ ਉਮਰ ਦੇ ਹੋ, ਜਾਂ ਤੁਸੀਂ 18 ਅਤੇ 64 ਸਾਲ ਦੇ ਵਿਚਕਾਰ ਹੋ ਅਤੇ ਤੁਹਾਡੀ ਕੋਈ ਖਾਸ ਡਿਸਏਬਿਲਟੀ ਹੈ ਅਤੇ ਤੁਸੀਂ ਸ਼ਿਕਾਰ ਹੋ:<br>• ਸਰੀਰਕ ਜਾਂ ਮਾਇਕ ਬੁਰੇ ਵਰਤਾਉ ਦੇ,<br>• ਅਣਗਹਿਲੀ, ਤਿਆਗ ਜਾਂ ਇਕੱਲੇ ਰੱਖੇ ਜਾਣ ਦੇ, ਜਾਂ<br>• ਅਜਿਹੇ ਵਰਤਾਉ ਦੇ ਜਿਸ ਨੇ ਤੁਹਾਨੂੰ ਸਰੀਰਕ ਤੌਰ ’ਤੇ ਜਾਂ ਮਾਨਸਿਕ ਤੌਰ ’ਤੇ ਦੁੱਖ ਦਿੱਤਾ ਹੈ। | ਤੁਸੀਂ ਆਪਣੀ ਅਤੇ ਆਪਣੇ ਪਰਿਵਾਰ ਦੀ ਕਿਸੇ ਅਜਿਹੇ ਵਿਅਕਤੀ ਤੋਂ ਰੱਖਿਆ ਕਰਨਾ ਚਾਹੁੰਦੇ ਹੋ:<br>• ਜਿਸ ਨਾਲ ਤੁਸੀਂ ਡੇਟਿੰਗ ਕਰ ਰਹੇ ਹੋ (ਜਾਂ ਡੇਟਿੰਗ ਕਰਦੇ ਰਹੇ ਹੋ),<br>• ਜਿਸ ਨਾਲ ਤੁਸੀਂ ਵਿਆਹੇ ਹੋਏ ਹੋ (ਜਾਂ ਵਿਆਹੇ ਹੋਏ ਸੀ),<br>• ਜਿਸ ਨਾਲ ਤੁਹਾਡਾ ਬੱਚਾ ਹੈ, ਜਾਂ<br>• ਜਿਸ ਨਾਲ ਤੁਹਾਡੀ ਨੇੜਲੀ ਰਿਸ਼ਤੇਦਾਰੀ ਹੈ (ਜਿਵੇਂ ਮਾਪਾ, ਬੱਚਾ, ਭਰਾ ਜਾਂ ਭੈਣ, ਗਰੈਂਡਪੇਰੈਂਟ, ਜਾਂ ਗਰੈਂਡਚਾਇਲਡ, ਸਮੇਤ ਮਤਰੇਵੇਂ ਮਾਪਿਆਂ, ਮਤਰੇਵੇ ਬੱਚਿਆਂ, ਮਤਰੇਵੇ ਭੈਣਾਂ-ਭਰਾਵਾਂ ਅਤੇ ਮੌਜੂਦਾ ਸਹੁਰਿਆਂ ਦੇ) | ਤੁਸੀਂ ਆਪਣੀ ਸੇਫਟੀ ਬਾਰੇ ਫਿਕਰਮੰਦ ਹੋ ਕਿਉਂਕਿ:<br>• ਤੁਹਾਡਾ ਪਿੱਛਾ ਕੀਤਾ ਜਾ ਰਿਹਾ ਹੈ,<br>• ਤੁਹਾਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ,<br>• ਤੁਹਾਡੇ ’ਤੇ ਲਿੰਗਕ ਹਮਲਾ ਹੋਇਆ ਹੈ, ਜਾਂ<br>• ਤੁਹਾਨੂੰ ਡਰਾਇਆ ਜਾ ਰਿਹਾ ਹੈ<br>ਕਿਸੇ ਅਜਿਹੇ ਵਿਅਕਤੀ ਵਲੋਂ ਜਿਸ ਨਾਲ ਤੁਹਾਡਾ ਨੇੜੇ ਦਾ ਰਿਸ਼ਤਾ ਨਹੀਂ ਹੈ, ਜਿਵੇਂ ਕਿ ਕੋਈ ਗੁਆਂਢੀ, ਰੂਮਮੇਟ, ਜਾਂ ਜਿਸ ਨੂੰ ਤੁਸੀਂ ਨਹੀਂ ਜਾਣਦੇ।<br>ਇਸ ਕਿਸਮ ਦਾ ਆਰਡਰ ਉਨ੍ਹਾਂ ਲੋਕਾਂ ਲਈ ***ਨਹੀਂ*** ਹੈ ਜਿਸ ਨੇ ਡੇਟਿੰਗ ਕੀਤੀ ਹੈ ਜਾਂ ਜਿਹੜੇ ਨੇੜਲੇ ਰਿਸ਼ਤੇਦਾਰ ਹਨ। |
| **ਇਹ ਕਿਸੇ ਨੂੰ ਇਹ ਆਰਡਰ ਦੇ ਸਕਦਾ ਹੈ:** | ਉਹ ਤੁਹਾਡੇ ਤੋਂ, ਤੁਹਾਡੇ ਘਰ ਤੋਂ ਅਤੇ ਤੁਹਾਡੇ ਕੰਮ ਤੋਂ ਦੂਰ ਰਹੇ। | • ਉਹ ਤੁਹਾਡੇ ਨਾਲ ਕਿਸੇ ਵੀ ਤਰ੍ਹਾਂ ਸੰਪਰਕ ਨਾ ਕਰੇ<br>• ਤੁਹਾਡੇ ਅਤੇ ਤੁਹਾਡੇ ਘਰ ਤੋਂ ਦੂਰ ਰਹੇ<br>• ਤੁਹਾਡੇ ਘਰ ਤੋਂ ਮੂਵ ਹੋ ਜਾਵੇ | • ਉਹ ਤੁਹਾਡੇ ਨਾਲ ਕਿਸੇ ਵੀ ਤਰ੍ਹਾਂ ਸੰਪਰਕ ਨਾ ਕਰੇ<br>• ਤੁਹਾਡੇ, ਤੁਹਾਡੇ ਘਰ ਅਤੇ ਤੁਹਾਡੇ ਕੰਮ ਤੋਂ ਦੂਰ ਰਹੇ<br>• ਤੁਹਾਡੇ ਘਰ ਤੋਂ ਮੂਵ ਹੋ ਜਾਵੇ<br>ਅਦਾਲਤ ਬੱਚੇ ਦੀ ਕਸਟੱਡੀ ਅਤੇ ਬੱਚੇ ਨੂੰ ਮਿਲਣ, ਚਾਇਲਡ ਸੁਪੋਰਟ, ਸੁਪਾਉਜ਼ਲ ਸੁਪੋਰਟ, ਖਾਸ ਬਿੱਲਾਂ ਦੀ ਅਦਾਇਗੀ, ਕਿਸੇ ਸੈੱਲਫੋਨ ਨੰਬਰ ’ਤੇ ਟ੍ਰਾਂਸਫਰ ਕੀਤੇ ਜਾਣ ਦੇ ਹੱਕਾਂ ਅਤੇ ਹੋਰ ਚੀਜ਼ਾਂ ਬਾਰੇ ਵੀ ਆਰਡਰ ਕਰ ਸਕਦੀ ਹੈ। | • ਉਹ ਤੁਹਾਡੇ ਨਾਲ ਕਿਸੇ ਵੀ ਤਰ੍ਹਾਂ ਸੰਪਰਕ ਨਾ ਕਰੇ<br>• ਤੁਹਾਡੇ, ਤੁਹਾਡੇ ਘਰ (ਜੇ ਤੁਸੀਂ ਰੂਮਮੇਟ ਨਹੀਂ ਹੋ) ਅਤੇ ਤੁਹਾਡੇ ਕੰਮ ਤੋਂ ਦੂਰ ਰਹੇ |
| **ਇਹ ਰਹਿੰਦਾ ਹੈ:** | 7 ਦਿਨਾਂ ਤੱਕ। | 5 ਸਾਲਾਂ ਤੱਕ। | 5 ਸਾਲਾਂ ਤੱਕ। | 5 ਸਾਲਾਂ ਤੱਕ। |
| **ਇਸ ਦਾ ਖਰਚਾ ਹੈ:** | ਇਹ ਮੁਫਤ ਹੈ। | ਇਹ ਮੁਫਤ ਹੈ। | ਇਹ ਮੁਫਤ ਹੈ। | ਇਹ ਪਰੇਸ਼ਾਨ ਕੀਤੇ ਜਾਣ ਦੀ ਕਿਸਮ ਅਤੇ/ਜਾਂ ਤੁਹਾਡੀ ਆਮਦਨ ’ਤੇ ਨਿਰਭਰ ਕਰਦਾ ਹੈ। |
| **ਤੁਸੀਂ ਇਨ੍ਹਾਂ ਤੋਂ ਮਦਦ ਲੈ ਸਕਦੇ ਹੋ:** | ਕੋਈ ਵੀ ਪੁਲੀਸ ਅਫਸਰ ਐਮਰਜੰਸੀ ਆਰਡਰ ਵਿਚ ਤੁਹਾਡੀ ਮਦਦ ਕਰ ਸਕਦਾ ਹੈ।<br>ਜੇ ਤੁਸੀਂ 7 ਦਿਨਾਂ ਨਾਲੋਂ ਜ਼ਿਆਦਾ ਸਮਾਂ ਹਿਫਾਜ਼ਤ ਚਾਹੁੰਦੇ ਹੋਵੋ ਤਾਂ ਤੁਹਾਡੇ ਲਈ ਅਦਾਲਤ ਤੋਂ ਹੋਰ ਕਿਸਮ ਦਾ ਰਿਸਟਰੇਨਿੰਗ ਆਰਡਰ ਮੰਗਣਾ ਜ਼ਰੂਰੀ ਹੈ। | ਸੀਨੀਅਰ ਇਨਫਰਮੇਸ਼ਨ ਲਾਈਨ<br>**1-800-510-2020**<br>ਸੁਪੀਰੀਅਰ ਕੋਰਟ ਸੈਲਫ-ਹੈਲਪ ਸੈਂਟਰ<br>www.courts.ca.gov/selfhelp-courtresources.htm<br>ਤੁਹਾਡੀ ਕਾਉਂਟੀ ਵਿਚ ਬਾਲਗਾਂ ਦੀ ਰੱਖਿਆ ਲਈ ਸੇਵਾਵਾਂ: www.cdss.ca.gov/inforesources/County-APS-Offices | ਨੈਸ਼ਨਲ ਡੋਮੈਸਟਿਕ ਵਾਇਲੈਂਸ ਹੌਟਲਾਈਨ<br>ਮੁਫਤ: **1-800-799-7233**<br>TDD: **1-800-787-3224**<br>www.ndvh.org<br>ਦਿਨ ਦੇ 24 ਘੰਟੇ, ਹਫਤੇ ਦੇ 7 ਦਿਨ<br>ਸੁਪੀਰੀਅਰ ਕੋਰਟ ਫੈਮਿਲੀ ਲਾਅ ਫਾਸਿਲੀਟੇਟਰ ਜਾਂ ਸੈਲਫ-ਹੈਲਪ ਸੈਂਟਰ<br>www.courts.ca.gov/selfhelp-courtresources.htm<br>ਫੈਮਿਲੀ ਲਾਅ ਫਾਸਿਲੀਟੇਟਰ, ਚਾਇਲਡ ਸੁਪੋਰਟ, ਕਸਟੱਡੀ ਅਤੇ ਮਿਲਣ ਦੇ ਆਰਡਰਾਂ ਵਿਚ ਵੀ ਮਦਦ ਕਰਨ ਦੇ ਯੋਗ ਹੋ ਸਕਦਾ ਹੈ। | ਸੁਪੀਰੀਅਰ ਕੋਰਟ ਸੈਲਫ-ਹੈਲਪ ਸੈਂਟਰ<br>www.courts.ca.gov/selfhelp-courtresources.htm<br>ਨੈਸ਼ਨਲ ਸੈਕਸੂਅਲ ਅਸੌਲਟ ਹੌਟਲਾਈਨ<br>ਮੁਫਤ: **1-800-656-4673**<br>www.rainn.org<br>ਦਿਨ ਦੇ 24 ਘੰਟੇ, ਹਫਤੇ ਦੇ 7 ਦਿਨ |